# DR KHARAK SINGH TRUST

# D - 151, ELTOP, Indl Area Ph 8, Mohali - 160 071
Website: www.drkharaksingh.org; Email: birendrakaur@yahoo.com
Mobile: +91 98889 01024; Fax: +91 172 5091685

ਮਿਤੀ: 23 ਸਤੰਬਰ, 2016

ਵਿਸ਼ਾ: ਸੁਝਾਅ - ਇਕ ਸਦੀਵੀ ਸਾਹਿਤਕ ਸੰਸਥਾ - ਸਮਰਪਿਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਨੂੰ

ਆਦਰਯੋਗ ਸਰਦਾਰ ਅਵਤਾਰ ਸਿੰਘ ਜੀ ਮੱਕੜ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਉਤਸਵ ਪੰਥਕ ਪੱਧਰ ਤੇ ਮਨਾਏ ਜਾਣ ਦੀ ਵਿਉਂਤ ਬਹੁਤ ਹੀ ਸਰਾਹੁਣਯੋਗ ਹੈ। ਪ੍ਰਚਲਿਤ ਪ੍ਰਥਾ ਅਨੁਸਾਰ ਕੀਰਤਨ ਦਰਬਾਰਾਂ, ਕਥਾ ਸਮਾਗਮਾਂ, ਨਗਰ ਕੀਰਤਨਾਂ ਰਾਹੀ ਗੁਰਬਾਣੀ ਸੰਦੇਸ਼ ਦਾ ਵੱਡਾ ਪਰਸਾਰ ਹੋ ਰਿਹਾ ਹੈ।

ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਤੋਂ ਇਲਾਵਾ ਆਪ ਦੀ ਸ਼ਖਸੀਅਤ ਦੇ ਬੜੇ ਮਾਨਵਰ ਪੰਥ-ਉਸਾਰੂ ਪੱਖ ਹਨ ਜਿਨ੍ਹਾਂ ਦਾ ਪ੍ਰਚਾਰ ਘੱਟ ਹੋਇਆ ਹੈ। ਆਪ ਸਰਵਸ੍ਰੇਸ਼ਟ ਕਵੀ ਸਨ, ਸਾਹਿਤ ਦੇ ਰਚੇਤਾ, ਨਿਸ਼ਟਾਵਾਨ ਜਰਨੈਲ ਅਤੇ ਕ੍ਰਾਂਤੀਕਾਰੀ ਆਗੂ ਸਨ। ਸਾਡਾ ਸੁਝਾਉ ਹੈ ਕਿ ਇਨ੍ਹਾਂ ਸਮਾਗਮਾਂ ਵਿੱਚੋਂ ਕੌਮ ਨੂੰ ਸੁਦ੍ਰਿੜ ਸੁਚੇਤ ਰੱਖਣ ਲਈ ਇਕ ਸਦੀਵੀ ਰਹਿਣ ਵਾਲੀ ਯਾਦਗਾਰੀ ਬਹੁਤ ਲੋੜੀਂਦੀ ਸੰਸਥਾ, ਸਾਹਿਤਕ ਗੜ੍ਹ ਦੇ ਰੂਪ ਵਿੱਚ, ਕਾਇਮ ਕੀਤੀ ਜਾਵੇ ਜੋ ਕਿ ਹੇਠ ਲਿਖੇ ਕਾਰਜਾਂ ਪ੍ਰਤੀ ਸਮਰੱਥ ਹੋਵੇ:

1. ਗੁਰੂ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਤਰਜਮਾ: ਕੌਮੀ ਅਗਵਾਈ ਦੀ ਵਿਰਾਸਤ ਪੰਥ ਕੋਲ ਗੁਰੂ ਗ੍ਰੰਥ ਸਾਹਿਬ ਹਨ। ਸ਼ਖਸੀ ਰੂਪ ਵਿਚ ਵਿਦਵਾਨਾਂ ਵਲੋਂ ਕੁਝ ਤਰਜਮੇ ਉਪਲਬੱਧ ਹਨ ਪਰ ਉਨ੍ਹਾਂ ਵਿਚ ਮਤਭੇਦ ਹਨ । ਨਿਪੁੰਨ ਵਿਦਵਾਨਾਂ ਦੀ ਕਮੇਟੀ ਬਣਾ ਕੇ ਇਕ ਪ੍ਰਮਾਣਿਕ ਤਰਜਮਾ ਵੱਡੀ ਲੋੜ ਹੈ। ਜਗ ਜਾਣਕਾਰੀ ਲਈ ਸੰਸਾਰ ਦੀ ਸੰਪਰਕ ਬੋਲੀ ਅੰਗਰੇਜੀ ਵਿਚ ਸਟੈਂਡਰਡ ਟ੍ਰਾਂਸਲੇਸ਼ਨ ਬਹੁਤ ਕਾਰਗਰ ਹੋਵੇਗੀ, ਜਿਸ ਤੋਂ ਦੁਨੀਆਂ ਦੀਆਂ ਹੋਰ ਬੋਲੀਆਂ ਵਿਚ ਤਰਜਮੇ ਹੋ ਸਕਣ।
2. ਸਿੱਖ ਸਾਹਿਤ ਦੇ ਸਰੋਤਾਂ ਵਿਚ ਗੈਰ ਸਿੱਖਾਂ ਦੇ ਲਿਖੇ ਗ੍ਰੰਥਾਂ ਵਿਚ ਸਿੱਖਾਂ ਦੀ ਤਾਰੀਫ ਦੇ ਨਾਲ ਕਾਫੀ ਸਿੱਖ ਵਿਰੋਧੀ ਤੱਥ ਹਨ। ਬਹੁਤ ਸਾਰਾ ਸਾਹਿਤ, ਭੰਡਾਰ ਅਰਬੀ, ਫਾਰਸੀ, ਸੰਸਕ੍ਰਿਤ ਆਦਿ ਬੋਲੀਆਂ ਵਿਚ ਹੈ। ਇਨ੍ਹਾਂ ਦੇ ਤਰਜਮੇਂ ਕਰਕੇ ਵਿਰੋਧੀ ਤੱਥਾਂ ਨੂੰ ਫੁਟਨੋਟ ਦੇ ਕੇ ਸਿੱਖ ਪੈਰਾਇ ਵਿਚ ਸਪੱਸ਼ਟ ਕਰਨ ਦੀ ਲੋੜ ਹੈ। ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਦੀ ਵਿਵਸਥਾ ਵੀ ਹੋਵੇ।
3. ਅੱਜ ਵੀ ਸਿੱਖ ਵਿਰੋਧੀ ਅਨਸਰ ਪ੍ਰੈਸ, ਮੀਡੀਆ, ਵਿਦਿਆਂ ਦੇ ਕੋਰਸਾਂ ਰਾਹੀਂ ਸਿੱਖੀ ਬਾਰੇ ਗਲਤ ਧਾਰਨਾਵਾਂ ਫੈਲਾ ਰਹੇ ਹਨ। ਸਿੱਖ ਪਹਿਚਾਣ ਤੇ ਕਾਫੀ ਹਮਲੇ ਹੋ ਰਹੇ ਹਨ। ਬਹੁਤ ਹੀ ਸੁਚੇਤ ਤੇ ਖਬਰਦਾਰ ਬਹੁਪਖੀ ਗਿਆਨਵਾਨਾਂ ਦਾ ਗਠਨ ਬਣਾ ਕੇ ਅਜਿਹੀ ਖਿਲਾਫਤ ਦਾ ਮੂੰਹ ਤੋੜ ਜਵਾਬ ਦਿੱਤੇ ਜਾਣ। ਅੱਜ ਦੀ ਨਵੀਂ ਸ਼ਰਾਰਤ ਗ੍ਰੰਥ ਦੇ ਵਰਕੇ ਪਾੜ੍ਹਨਾ ਤੇ ਕੌਮ ਨੂੰ ਚਿੜ ਦੇਣਾ ਵੀ ਰੋਕਣਾ ਜ਼ਰੂਰੀ ਹੋ ਗਿਆ ਹੈ।
4. ਸੰਸਾਰ ਵਿਚ ਅਮਨ ਅਮਾਨ ਰਹੇ, ਜੰਗਾਂ ਯੁੱਧਾਂ ਦਾ ਡਰ ਖਤਮ ਹੋਵੇ, ਸਾਂਝੀਵਾਲਤਾ ਬਣੇ ਇਸ ਲਈ ਸਿੱਖੀ ਵੱਡਾ ਰੋਲ ਅਦਾ ਕਰ ਸਕਦੀ ਹੈ। ਇੰਟਰਫੇਥ ਸੈਮੀਨਾਰ, ਕਾਨਫਰੰਸ, ਸਮੇਲਨ ਕਰਾਏ ਜਾਣ ਤਾਂ ਜੋ ਸਿੱਖੀ ਦਾ ਦ੍ਰਿਸ਼ਟੀਕੋਣ ਦੁਨੀਆਂ ਤੱਕ ਪਹੁੰਚੇ। ਸਿੱਖ ਪਹਿਚਾਣ ਵਧੇਰੇ ਉਜਾਗਰ ਹੋਵੇ। ਇੰਟਰਫੇਥ ਸੰਵਾਦਾਂ ਰਾਹੀਂ ਸਿੱਖੀ ਦੀ ਜਾਣਕਾਰੀ ਵਧੇਗੀ।

ਉਪਰ ਤਜਵੀਜ਼ ਕੀਤੀ ਸੰਸਥਾ ਦੀ ਪ੍ਰਮੁਖ ਜ਼ਰੂਰਤ ਇਕ ਵਿਸ਼ਾਲ ਲਾਇਬ੍ਰੇਰੀ ਹੋਵੇਗੀ, ਜਿਸ ਵਿੱਚ ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਦਾ ਧਾਰਮਿਕ, ਸਮਾਜੀ ਅਤੇ ਸਿਆਸੀ ਸਾਹਿਤ, ਜੋ ਕਿ ਵੱਖ ਵੱਖ ਭਾਸ਼ਾਵਾਂ ਵਿੱਚ ਰਚਿਤ ਹੈ, ਉਪਲੱਭਦ ਹੋਵੇ। ਨਵੇਂ ਵਿਦਵਾਨ ਤਿਆਰ ਕਰਨ ਲਈ ਵਜ਼ੀਫਿਆਂ ਦਾ ਪ੍ਰਬੰਧ ਹੋਵੇ।

ਕਿਤੇ ਕਿਤੇ ਛੋਟੇ ਪੱਧਰ ਤੇ ਕੁਝ ਵਿਅਕਤੀ ਜਾਂ ਸੰਸਥਾਵਾਂ ਉਪਰ ਦੱਸੇ ਮੁੱਦਿਆਂ ਤੇ ਕੰਮ ਕਰ ਰਹੀਆਂ ਹਨ, ਇਹ ਸੰਸਥਾ ਉਨ੍ਹਾਂ ਸਾਰੀਆਂ ਵਿੱਚ ਤਾਲਮੇਲ ਦਾ ਵੱਡਾ ਰੋਲ ਨਿਭਾ ਸਕਦੀ ਹੈ।

ਕੌਮੀ ਪਧਰ ਦੀ ਇਹ ਸੰਸਥਾ ਪੈਦਾ ਕਰਨ ਲਈ ਪੰਥ ਦੀ ਸਿਰਮੌਰ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੂਰਨ ਤੌਰ ਤੇ ਸਮਰੱਥ ਹੈ। ਇਹ ਸੰਸਥਾ ਆਉਣ ਵਾਲੀਆਂ ਪੀੜ੍ਹੀਆਂ ਲਈ 350-ਸਾਲਾ ਮਨੌਤ ਦਾ ਵੱਡਮੁੱਲਾ ਯਾਦਗਾਰੀ ਅਤੇ ਸਦੀਵੀ ਤੋਹਫਾ ਹੋਵੇਗੀ। ਆਸ ਕਰਦੇ ਹਾਂ ਕਿ ਆਪ ਉਪਰੋਕਤ ਸੁਝਾਅ ਤੇ ਗੌਰ ਕਰੋਗੇ।

ਆਦਰ ਸਹਿਤ,

Birendra K

(ਬਰਿੰਦਰਾ ਕੌਰ)